SERVIZIO SANITARIO REGIONALE
EMILIA-ROMAGNA
Azienda Unità Sanitaria Locale di Modena
Funzione Salute Donna Distretto di Carpi(ਔਰਤ ਦੀ ਸਿਹਤ ਵਾਲਾ ਡਿਪਾਰਟਮੈਂਟ)



ਸ੍ਰੀ ਮਤੀ ਜੀ ,
ਅਸੀ ਤੁਹਾਨੂੰ ਕੁਝ ਜਾਣਕਾਰੀ ਦੇ ਰਹੇ ਹਾ, ਜਿਸਦਾ ਕਿ ਤੁਹਾਨੂੰ ਬਹੁਤ ਫਾਇਦਾ ਹੋਵੇਗਾ, ਕਿਉਕਿ ਥੋੜੀ ਦੇਰ ਤਕ ਤੁਹਾਡੇ ਬਚਾ ਹੋਣ ਵਾਲਾ ਹੈ.

*ਪੇਦੀਆਤਰਾ ( ਬਚਿਆ ਦਾ ਡਾਕਟਰ) ਕਿਸ ਤਰ੍ਹਾਂ ਚੁਣਨਾ ਹੈ:* ਸਰਕਾਰ ਦੀ ਡਾਕਟਰੀ (Servizio Sanitario)ਤੁਹਾਨੂੰ ਇਕ ਮੋਕਾ ਦਿੰਦਾ ਹੈ ਤੁਹਾਨੂੰ ਆਪ ਬਚਿਆਂ ਦਾ ਡਾਕਟਰ ਚੁਣਨ ਦਾ, ਜੋ ਕਿ ਤੁਹਾਡੇ ਬਚਿਆ ਦਾ ਸਹੀ ਚੈਕਅਪ ਕਰੇਗਾ ਅਤੇ ਬਚਿਆ ਸਬੰਧੀ ਹਰ ਸਹੀ ਸਲਾਹ ਦੇਵੇਗਾ, ਪਰ ਮਾਤਾ ਜਾਂ ਪਿਤਾ ( ਕਿਸੇ ਇਕ ਤੋ) ਪਰਮੇਸੋ ਦੀ ਸੰਜੋਰਨੋ ਹੋਣੀ ਚਾਹੀਦੀ ਹੈ(Ricevuta ਰੀਚੇਬੂਤਾ ਵੀ ਚਲਗਾ).
ਜੇਕਰ ਤੁਸੀ ਕਾਰਪੀ (Carpi) ਰਹਿੰਦੇ ਹੋ, ਤਾ ਤੁਸੀ ਕਾਰਪੀ ਦੇ ਹਸਪਤਾਲ ਵਿਚ ਜਾਉ. ਪਤਾ ਕਾਰਪੀ ਦਾ ਹਸਪਤਾਲ ਜੋ ਕਿ ਪਿਆਸਾਲੇ ਦੋਨਾਤੋਰੀ ਵਿਚ ਹੈ, ਉਥੇ ਜਾ ਕੇ ਤੁਸੀ ਸਪੋਰਤੈਲੋ(ਗੇਟ) ਨੰਬਰ 11 ਪੋਲੀਆਬੁਲਾਤੋਰੀਓ **(sportello 11 del Poliambulatorio- piazzale Donatori - ospedale di Carpi),**
ਜੇਕਰ ਤੁਸੀ Soliera ਜਾਂ Campogalliano ਜਾਂ ਫਿਰ Novi ਤਾ ਤੁਸੀ SAUB ਵਾਲੇ ਸਪੋਰਤੈਲੋ ਦੇ ਦਫਤਰ ਵਿਚ ਜਾਉ.
ਜੇਕਰ ਤੁਸੀ ਕਿਸੇ ਹੋਰ ਪਾਸੇ ਰਹਿੰਦੇ ਹੋ ਤਾ ਤੁਸੀ ਉਥੋ ਦੇ ਆਪਣੇ SAUB ਦਫਤਰ ਜਾਉ. ਤੁਹਾਨੂੰ ਆਪਣੇ ਬਚੇ ਦਾ ਡਾਕਟਰ ਚੁਣਨ ਲਈ ਬਚੇ ਦਾ ਜਨਮ ਸਾਰਟੀਫਿਕੇਟ ਦੀ ਲੋੜ ਹੈ ਜੋ ਕਿ ਤੁਹਾਨੂੰ ਜਿਥੇ ਬਚੇ ਦਾ ਜਨਮ ਹੋਇਆ ਹੈ ਉਥੋ ਜਾਂ ਫਿਰ ਕਾਮੂਨੇ ਤੋ ਮਿਲ ਸਕਦਾ ਹੈ.

*ਅਗਲਾ ਬਚਾ ਕਰਨ ਲਈ ਥੋੜਾ ਸਮਾ ਪਾਉਣਾ ਜਰੂਰੀ ਹੈ*
ਕਿਉ ਜੋ ਬਚੇ ਹੋਣ ਤੋ ਬਾਦ ਔਰਤ ਦਾ ਸਰੀਰ ਤਿੰਨ ਹਫਤੇ ਬਾਦ ਇਕ ਨਵਾ ਬਚਾ ਦੇਣ ਲਈ ਤਿਆਰ ਹੋ ਜਾਦਾ ਹੈ, ਪਰ ਬਹੁਤ ਜਲਦੀ ਗਰਭਵਤੀ ਹੋਣਾ ਔਰਤ ਲਈ ਬਹੁਤ ਮੁਸ਼ਕਿਲ ਹੋ ਸਕਦਾ ਸਰੀਰਿਕ ਤੋਰ ਅਤੇ ਫੈਮਲੀ ਤੋਰ ਤੇ ਵੀ, ਜੇਕਰ ਤੁਹਾਡੇ ਕੋਲ ਤੁਹਾਡੀ ਮਦਦ ਕਰਨ ਲਈ ਤੁਹਾਡੇ ਕੋਈ ਰਿਸ਼ਤੇਦਾਰ ਨਹੀ ਹਨ . ਤੁਸੀ ਇਹ ਸਮਾ ਪਾਉਣ ਲਈ ਕਿਸੇ ਵੀ ਤਰੀਕੇ ਦੀ ਵਰਤੋ ਕਰ ਸਕਦੇ ਹੋ. ਹੋਰ ਜਾਣਕਾਰੀ ਲੈਣ ਲਈ ਜਿਥੇ ਤੁਸੀ ਆਪਣੇ ਗਰਭਵਤੀ ਸਮੇ ਤੇ ਸਲਾਹ ਲੈਣ ਜਾਦੇ ਸੀ ( ਭਾਵ ਕਿ ਕੁਨਸੁਲਤੋਰੀਓ-Consultorio) ਤੇ ਜਾ ਕੇ ਸਲਾਹ ਲਉ.
ਤੁਸੀ ਇਸ ਦਫਤਰ ਵਿਚ 7 ਜਾਂ 10 ਦਿਨ ਦੇ ਬਚਾ ਹੋਣ ਤੋ ਬਾਦ ਜਾ ਸਕਦੇ ਹੋ.

***ALLATTAMENTO ਦੁਧ ਪਿਲਾਉਣਾ***
ਮਾਂ ਦਾ ਦੁਧ ਬਚੇ ਲਈ ਸਭ ਤੋ ਵਧੀਆ ਖੁਰਾਕ ਹੈ,ਪਰ ਕਈ ਵਾਰ ਪਹਿਲੇ ਦਿਨਾਂ ਵਿਚ ਬਚੇ ਨੂੰ ਦੁਧ ਪਿਲਾਉਣ ਸਮੇ ਕਈ ਮੁਸ਼ਕਿਲਾ ਆ ਜਾਦੀਆ ਹਨ, ਜਿਵੇ ਕਿ ਮਾਂ ਦੀ ਛਾਤੀ ਵਿਚ ਦਰਦ ਹੋਣਾ, ਬਚੇ ਦਾ ਰੋਣਾ ਅਤੇ ਹੋਰ ਕਈ ਮੁਸ਼ਕਿਲਾ ਜਿਹੜੀਆ ਕਿ ਸਾਹਮਣੇ ਆਉਦੀਆ ਹਨ. ਕੁਨਸੁਲਤੋਰੀਓ (Consultorio) ਵਿਚ ਜਿਹੜੀਆ ਕਿ Ostetriche ਹਨ ਉਹਨਾ ਨੂੰ ਦਸੋ ਜੋ ਕਿ ਤੁਹਾਡੀਆ ਮੁਸ਼ਕਿਲਾ ਹਲ ਕਰ ਸਕਦੀਆ ਹਨ.

ਇਹ ਸਾਰਾ ਕੁਝ ਕਹਿੰਦੇ ਹੋਏ ਕੁਨਸੁਲਤੋਰੀਓ ਦੇ ਸਾਰੇ ਡਾਕਟਰ ਅਤੇ ਦਾਈ ਡਾਕਟਰਨੀਆ ਤੁਹਾਨੂੰ ਵਧ ਤੋ ਵਧ ਵਧਾਈਆ ਦਿੰਦੇ ਹਨ.

# LA SPIRALE

ਲਾ ਸਪੀਰਾਲੇ ਇਹ ਕੀ ਹੁੰਦਾ ਹੈ :-
ਇਹ ਛੋਟੀ ਜਿਹੀ ਫਲੈਕਸੀਬਲ ਪਲਾਸਟਿਕ ਦੀ ਚੀਜ਼ ਹੁੰਦੀ ਹੈ. ਜਿਸਦੀ ਲੰਬਾਈ 3 ਜਾਂ 4 ਸੈਟੀਮੀਟਰ ਅਤੇ ਮੋਟਾਈ ਕੁਝ ਮਿਲੀਮੀਟਰ ਹੁੰਦੀ ਹੈ. ਇਹ ਔਰਤਾ ਦੇ ਜਣਨ ਅੰਗਾ ਰਾਹੀ ਅੰਦਰ ਉਤਰੋ ਵਿਚ ਫਿਟ ਕੀਤੀ ਜਾਦੀ ਹੈ ਜੋ ਕਿ ਗਰਭਵਤੀ ਹੋਣ ਤੋ ਰੋਕਦੀ ਹੈ .

ਜੇਕਰ ਇਕ ਸਾਲ ਵਿਚ 100 ਔਰਤਾ ਇਸ ਦੀ ਵਰਤੋ ਕਰਦੀਆ ਹਨ ਤਾ ਸਿਰਫ ਇਕ ਔਰਤ ਦੇ ਗਰਭਵਤੀ ਹੋਣ ਦੀ ਸੰਭਾਵਨਾ ਹੈ .

ਦੋ(2) ਤਰ੍ਹਾਂ ਦੇ ਸਪੀਰਾਲੇ ਹੁੰਦੇ ਹਨ ਦੋਵੇ ਇਕੋ ਹੀ ਨਤੀਜਾ ਦਿੰਦੇ ਹਨ ਜੋ ਕਿ ਵੀਰਜ(Spermatozoi) ਦੀ ਤਾਕਤ ਨੂੰ ਘਟਾਉਦੇ ਹਨ ਅਤੇ ਇਹ ਔਰਤ ਦੇ ਅੰਦਰ ਆਪਣਾ ਇਸ ਤਰ੍ਹਾਂ ਅਸਰ ਦਿਖਾਉਦੇ ਹਨ ਕਿ ਔਰਤ ਗਰਭਵਤੀ ਨਾ ਹੋ ਸਕੇ. ਇਕ ਸਪੀਰਾਲੇ ਚਾਂਦੀ ਅਤੇ ਤਾਬੇ ਦੀ ਈਓਨੀਆ (Ioni) ਨੂੰ ਛਡਦਾ ਹੈ ਅਤੇ ਦੂਜਾ ਸਪੀਰਾਲੇ ਪਰੋਜਿਤੇਰੋਨੇ(Progesterone) ਨੂੰ ਛਡਦਾ ਹੈ .

ਕਿਦਾ ਕਰਨਾ ਹੈ :-
ਇਹ ਸਪੀਰਾਲੇ ਦਵਾਈਆ ਵਾਲੀ ਦੁਕਾਨ(Farmacia) ਤੋ ਮਿਲ ਜਾਦਾ ਹੈ . ਸਭ ਤੋ ਪਹਿਲਾ ਦਾਈ ਡਾਕਟਰ ( ਯਨਿਕੋਲਗੋ-Ginecologo)) ਲਿਖ ਕੇ ਦੇਵੇਗਾ ਅਤੇ ਉਹੋ ਹੀ ਇਸ ਨੂੰ ਲਗਾਏਗਾ. ਇਸਦਾ ਅਸਰ ਬਹੁਤ ਲੰਬਾ ਹੈ . ਇਸਦਾ ਅਸਰ ਤਿੰਨ ਜਾਂ ਪੰਜ(3-5) ਸਾਲਾ ਦਾ ਹੈ . ਇਸ ਕਰਕੇ ਸਮੇ ਦੇ ਹਿਸਾਬ ਨਾਲ ਇਸਦੀ ਕੀਮਤ ਬਹੁਤ ਘਟ ਹੈ.

ਕਿਦਾ ਵਰਤਿਆ ਜਾਦਾ ਹੈ :-

ਯਨਿਕੋਲਗੋ (Ginecologo) ਸਭ ਤੋ ਪਹਿਲਾ ਉਤੇਰੋ(Utero) ਅਤੇ ਓਵਾਈਏ (Ovaie) ਦਾ ਟੈਸਟ ਕਰੇਗਾ, ਉਸ ਤੋ ਬਾਦ ਇਕ ਪਾਪ ਟੈਸਟ (Pap Test) ਕਰੇਗਾ, ਫਿਰ ਜਾ ਕੇ ਤੁਹਾਡੇ ਅੰਦਰ ਲਗਾਏਗਾ.

ਆਮ ਤੋਰ ਤੇ ਇਹ ਉਦੋ ਲਗਾਇਆ ਜਾਦਾ ਹੈ ਜਦੋ ਮਾਹਮਾਰੀ (Mestruazioni) ਦੇ ਦਿਨ ਹੋਣ, ਇਹ ਉਤਰੋ ਦੇ ਅੰਦਰ ਰਖਿਆ ਜਾਦਾ ਹੈ . ਰਖਣ ਤੋ ਬਾਦ ਤੁਸੀ ਇਸ ਨੂੰ ਮਹਿਸੂਸ ਨਹੀ ਕਰ ਸਕਦੇ. ਸਿਰਫ ਉਸ ਨਾਲ ਲਗੀ ਹੋਈ ਤਾਰ ਨੂੰ ਮਹਿਸੂਸ ਕਰ ਸਕਦੇ ਹੋ ਸਿਰਫ ਉਦੋ ਜਦੋ ਤੁਸੀ ਉਗਲੀ ਨਾਲ ਇਸ ਨੂੰ ਛੂਣ ਦੀ ਕੋਸ਼ਿਸ਼ ਕਰੋ.

ਜਦੋ ਤੋ ਇਹ ਤੁਹਾਡੇ ਅੰਦਰ ਲਗਾ ਦਿਤਾ ਜਾਦਾ ਹੈ ਇਸਦਾ ਅਸਰ ਉਦੋ ਤੋ ਹੀ ਸ਼ੁਰੂ ਹੋ ਜਾਦਾ ਹੈ ,ਪਰ ਇਹ ਜਰੂਰੀ ਹੈ ਕਿ ਇਕ ਮਹੀਨੇ ਬਾਦ ਇਸਨੂੰ ਚੈਕ ਕਰਵਾ ਲਉ ਕਿਉਕਿ ਹੋ ਸਕਦਾ ਹੈ ਕਿ ਪਹਿਲੇ ਮਹੀਨੇ ਵਿਚ ਇਹ ਤੁਹਾਡੇ ਤੋ ਬਾਹਰ ਨਿਕਲ ਜਾਵੇ. ਉਸ ਤੋ ਬਾਦ ਤੁਹਾਨੂੰ ਹੋਰ ਕੁਝ ਵਰਤਣ ਦੀ ਲੋੜ ਨਹੀ ਜਿਵੇ ਪੀਲੋਲਾ ਅਤੇ ਕੋਨਡਮ. ਜਦੋ ਇਹ ਚੰਗੀ ਤਰ੍ਹਾਂ ਸੈਟ ਹੋ ਜਾਵੇ ਉਸ ਤੋ ਬਾਦ ਸਿਰਫ ਸਾਲ ਵਿਚ ਇਕ ਵਾਰੀ ਤੁਹਾਨੂੰ ਡਾਕਟਰ ਦੇ ਜਾ ਕੇ ਚੈਕ ਕਰਵਾਉਣਾ ਪਵੇਗਾ. ਜਦੋ ਇਸਦਾ ਅਸਰ ਖਤਮ ਹੋ ਜਾਵੇ ਭਾਵ ਦੋ ਜਾਂ ਪੰਜ ਸਾਲ ਬਾਦ ਤਾ ਇਸਦੀ ਜਗ੍ਹਾਂ ਤੇ ਹੋਰ ਸਪੀਰਾਲੇ ਵੀ ਲਗਾਇਆ ਜਾ ਸਕਦਾ ਹੈ .

ਬਹੁਤ ਘਟ ਕੇਸ ਹਨ ਕਿ ਇਸਦੇ ਲਗਿਆ ਹੋਇਆ ਵੀ ਔਰਤ ਗਰਭਵਤੀ ਹੋ ਜਾਵੇ , ਜੇਕਰ ਅਜਿਹਾ ਹੋ ਜਾਵੇ ਤਾ ਇਸਨੂੰ ਜਲਦੀ ਤੋ ਜਲਦੀ ਬਾਹਰ ਕਢਣਾ ਜਰੂਰੀ ਹੈ .

**(Effetti Collaterali)**

ਬੁਰੇ ਪ੍ਰਭਾਵ :-
ਤਾਬੇ ਦੇ ਅਸਰ ਵਾਲੇ ਸਪੀਰਾਲੇ ਵਾਲਿਆ ਨਾਲ ਮਾਹਮਾਰੀ ਦੇ ਦਿਨਾ ਵਿਚ ਖੂਨ ਜਿਆਦਾ ਨਿਕਲਦਾ ਹੈ, ਹੋ ਸਕਦਾ ਹੈ ਕਿ ਕੁਝ ਦਿਨ ਪਹਿਲਾ ਜਾਂ ਕੁਝ ਦਿਨ ਬਾਦ.

ਜਿਹੜੀਆ ਜਵਾਨ ਔਰਤਾ ਹਨ ਜਿੰਨਾਂ ਦੇ ਬਚੇ ਨਹੀ ਹੋਏ ਹੋ ਸਕਦਾ ਹੈ ਕਿ ਉਹਨਾ ਦੇ ਅੰਦਰ ਜਖਮ ਹੋ ਜਾਣ.

ਅਤੇ ਜਿਹੜੇ ਸਪੀਰਾਲੇ ਪਰੋਜਿਤੇਰੋਨੇ ਵਾਲੇ ਹਨ ਉਹਨਾ ਨਾਲ ਮਾਹਮਾਰੀ ਦੇ ਦਿਨਾ ਵਿਚ ਬਹੁਤ ਘਟ ਖੂਨ ਨਿਕਲਦਾ ਹੈ ਜਾਂ ਫਿਰ ਕਈ ਬਾਰ ਬਲੀਡਿਗ ਹੁੰਦੀ ਹੀ ਨਹੀ.

ਇਹ ਬਹੁਤ ਜਰੂਰੀ ਹੈ ਕਿ ਤੁਸੀ ਕੋਨਸੁਲਤੋਰੀਓ ਫਾਮੀਲੀਆਰੀ(Consultorio Familiare) ਜਾ ਕੇ ਸਲਾਹ ਲਉ ਜੇਕਰ ਹੇਠਾਂ ਲਿਖੀਆ ਮੁਸ਼ਕਿਲਾ ਆਉਦੀਆ ਹਨ:-

- ਢਿਡ ਵਿਚ ਦਰਦ ਮਾਹਮਾਰੀ ਦੇ ਦਿਨਾਂ ਤੋ ਬਾਦ ਵੀ.
- ਜੇਕਰ ਖੂਨ ਬਹੁਤ ਜਿਆਦਾ ਨਿਕਲਦਾ ਹੈ.
- ਜੇਕਰ ਉਨ੍ਹਾ ਦਿਨਾ ਵਿਚ ਖੂਨ ਬਹੁਤ ਘਟ ਨਿਕਲਦਾ ਹੈ ਅਤੇ ਦਰਦ ਬਹੁਤ ਜਿਆਦਾ ਹੁੰਦੀ ਹੈ.

# LA CONTRACCEZIONE INIETTORIA

## ਕੋਨਤਰਾਚੀਸਿਓਨੇ ਈਨੇਤੋਰੀਓ ਕੀ ਹੁੰਦਾ ਹੈ :-

ਇਹ ਇਕ ਟੀਕਾ ਹੈ ਜੋ ਕਿ ਹਰ ਤਿੰਨ ਮਹੀਨੇ ਬਾਦ ਲਗਾਇਆ ਜਾਦਾ ਹੈ . ਇਸ ਟੀਕੇ ਵਿਚ (Medrossiprogesterone) ਨਾਮ ਦੀ ਕੋਈ ਚੀਜ਼ ਹੰਦੀ ਹੈ ਜੋ ਕਿ ਗਰਭ ਨਾ ਠਹਿਰਨ ਲਈ ਹੈ . ਇਕ ਟੀਕਾ ਤਿੰਨ ਮਹੀਨੇ ਵਾਲਾ ਹੁੰਦਾ ਹੈ ਜੋ ਕਿ ਤਿੰਨ ਮਹੀਨੇ ਕੰਮ ਕਰਦਾ ਹੈ , ਇਕ ਟੀਕਾ ਇਕ ਮਹੀਨੇ ਵਾਲਾ ਹੈ ਜੋ ਕਿ ਇਕ ਮਹੀਨੇ ਲਈ ਕੰਮ ਕਰਦਾ ਹੈ . ਹਜ਼ਾਰ (1000) ਔਰਤਾ ਵਿਚੋ ਸਿਰਫ ਤਿੰਨ (3) ਔਰਤਾ ਨੂੰ ਬਚਾ ਠਹਿਰਨ ਦਾ ਰਿਸਕ ਹੁੰਦਾ ਹੈ .

## ਇਹ ਕਿਦਾ ਕਰਨਾ ਚਾਹੀਦਾ ਹੈ :-

ਸਭ ਤੋ ਪਹਿਲਾ ਤੁਹਾਡਾ ਡਾਕਟਰ (Medico ginecologo) ਤੁਹਾਨੂੰ ਚੰਗੀ ਤਰ੍ਹਾਂ ਚੈਕ ਕਰੇਗਾ ਉਸ ਤੋ ਬਾਦ ਉਹ ਤੁਹਾਨੂੰ ਟੀਕੇ ਲਗਾਉਣ ਦੀ ਇਜ਼ਾਜਤ ਦੇਵੇਗਾ. ਇਹ ਟੀਕਾ ਬਾਹ ਜਾਂ ਚੂਲੇ ਤੇ 4 ਜਾਂ 12 ਹਫਤੇ ਬਾਦ ਲਗਾਇਆ ਜਾਦਾ ਹੈ . ਇਹ ਤੁਹਾਡੇ ਤੇ ਨਿਰਭਰ ਹੈ ਕਿ ਤੁਸੀ ਕਿਹੜਾ ਟੀਕਾ ਲਗਾਉਣਾ ਹੈ .

## ਫਾਇਦੇ:-

ਇਸਦਾ ਇਹ ਫਾਇਦਾ ਹੈ ਕਿ ਇਸਦਾ ਕਿਸੇ ਨੂੰ ਨਹੀ ਪਤਾ ਲਗ ਸਕਦਾ ਕਿ ਤੁਸੀ ਇਹ ਵਰਤ ਰਹੇ ਹੋ.

ਟੀਕਾ ਲਗਾਕੇ ਤੁਸੀ ਬਚੇ ਨੂੰ ਦੁਧ ਵੀ ਪਿਲਾ ਸਕਦੇ ਹੋ. ਇਹ ਟੀਕਾ ਤੁਸੀ ਬਚੇ ਹੋਣ ਤੋ ਛੇ 6 ਮਹੀਨੇ ਬਾਦ ਲਗਾ ਸਕਦੇ ਹੋ .

ਇਹ ਟੀਕਾ ਤੁਹਾਡੇ ਮਾਹਮਾਰੀ ਦੇ ਦਿਨਾ ਵਿਚ ਦਰਦ ਨੂੰ ਵੀ ਘਟਾਉਦਾ ਹੈ . ਇਹ ਤੁਹਾਨੂੰ (ਓਵਾਈਏ ਵਾਲੇ Cancro dell'ovaio e endometrio) ਕੈਸਰ ਤੋ ਵੀ ਬਚਾਉਦਾ ਹੈ .

## ਨੁਕਸਾਨ:-

ਇਹ ਹਰ ਮਹੀਨੇ ਜਾਂ ਤਿੰਨ ਮਹੀਨੇ ਬਾਦ ਟੀਕਾ ਲਗਾਉਣਾ ਪਵੇਗਾ.

ਇਹ ਵੀ ਹੋ ਸਕਦਾ ਹੈ ਕਿ ਜਦੋ ਤੁਸੀ ਟੀਕਾ ਲਗਾਉਣ ਤੋ ਹਟ ਜਾਉ ਤਾ ਵੀ ਕਈ ਮਹੀਨੇ ਤਕ ਤੁਹਾਨੂੰ ਬਚਾ ਨਾ ਠਹਿਰੇ.

ਟੀਕਾ ਲਗਾਉਣ ਤੋ ਬਾਦ ਹੋ ਸਕਦਾ ਹੈ ਕਿ ਤੁਹਾਨੂੰ ਕਈ ਮਹੀਨਿਆ ਤਕ ਦਰਦਾ ਰਹਿਣ.

## ਕੀਮਤ:-

ਹਰ ਟੀਕੇ ਦੀ ਬਹੁਤ ਹਲਕੀ ਕੀਮਤ ਹੈ . ਇਸ ਵਿਚ ਤੁਹਾਡੇ ਪਹਿਲੇ ਵੀਜੀਤਾ (Visita) ਦੇ ਪੈਸੇ ਲਗਣਗੇ ਅਤੇ ਹਰ ਮਹੀਨੇ ਜੋ ਟੀਕਾ ਲਗਾਉਣਾ ਹੈ ਉਸਦੇ ਪੈਸੇ ਲਗਣਗੇ.

PILLOLA

ਪੀਲੋਲਾ ਕੀ ਹੁੰਦਾ ਹੈ :-

ਇਹ ਗੋਲੀਆ ਦਾ ਨਾਮ ਹੈ ਜੋ ਦੋ ਤਰ੍ਹਾਂ ਦੀਆ ਹੁੰਦੀਆ ਹਨ . ਇਕ ਦਾ ਨਾਮ ਪੀਲੋਲਾ ਕੋਮਬੀਨਾਤਾ(Pillola Combinata) ਹੈ ਜਿਸ ਵਿਚ ਇਸਤਰੋਜੇਨੀ ਅਤੇ ਪਰੋਜਿਸਤੇਰੋਨ (Estrogeni e progesterone) ਹੁੰਦਾ ਹੈ . ਦੂਸਰੀ ਦਾ ਨਾਮ ਮੀਨੀ ਪੀਲੋਲਾ (Mini Pillola) ਹੈ ਜਿਸ ਵਿਚ ਸਿਰਫ ਪਰੋਜਿਸਤਰੋਨ ਹੁੰਦਾ ਹੈ . ਇਹਨਾਂ ਵਿਚੋ ਪੀਲੋਲਾ ਕੋਮਬੀਨਾਤਾ ਜ਼ਿਆਦਾ ਵਧੀਆ ਹੈ ਕਿਉਕਿ ਇਹ ਔਰਤ ਦੇ ਮਾਹਮਾਰੀ ਆਉਣ ਦੇ ਦਿਨਾ ਨੂੰ ਬਦਲਦਾ ਹੈ. ਮੀਨੀ ਪੀਲੋਲਾ ਦਾ ਕੰਮ ਹੈ ਕਿ ਇਹ ਆਦਮੀ ਦੇ ਵੀਰਜ(Spermatozoi) ਨੂੰ ਔਰਤ ਦੇ ਅੰਦਰ ਮਿਲਣ ਨਹੀ ਦਿੰਦਾ. ਇਹ ਪੀਲੋਲੇ ਹੋਰ ਵੀ ਕਈ ਬਿਮਾਰੀਆ ਤੋ ਬਚਾਉਦੇ ਹਨ , ਪਰ ਇਹ ਉਹੋ ਬਿਮਾਰੀਆ ਤੋ ਨਹੀ ਬਚਾਉਂਦੇ ਜੋ ਸੈਕਸ ਦੁਆਰਾ ਲਗਦੀਆਂ ਹਨ ਜਿਵੇ ਕਿ :- ਏਡਜ਼. ਇਹਨਾ ਤੋ ਬਚਣ ਲਈ ਕੋਨਡਮ ਦੀ ਵਰਤੋ ਕਰਨੀ ਚਾਹੀਦੀ ਹੈ .

ਇਹ (ਪੀਲੋਲਾ) ਕਿਥੋ ਮਿਲ ਸਕਦੀ ਹੈ :-

ਇਹ ਡਾਕਟਰ ਲਿਖ ਕੇ ਦਿੰਦਾ ਹੈ ਜੋ ਕਿ ਤੁਹਾਡੇ ਸਾਰੇ ਤਰ੍ਹਾਂ ਦੇ ਟੈਸਟ ਕਰੇਗਾ ਫਿਰ ਉਹ ਤੁਹਾਨੂੰ ਦਸੇਗਾ ਕਿ ਤੁਹਾਨੂੰ ਕਿਸ ਤਰ੍ਹਾਂ ਦੇ ਪੀਲੋਲਾ ਦੀ ਲੋੜ ਹੈ.

ਇਹ ਕਿਦਾ ਵਰਤਿਆ ਜਾਦਾ ਹੈ (21 ਗੋਲੀਆ ਦਾ ਪੈਕਟ)

ਜੇਕਰ ਤੁਸੀ ਚਾਹੁਦੇ ਹੋ ਕਿ ਇਹ ਆਪਣਾ ਪੂਰਾ ਅਸਰ ਦਿਖਾਵੇ ਤਾ ਹੇਠਾ ਲਿਖੀਆ ਸਲਾਹਾ ਨੂੰ ਧਿਆਨ ਵਿਚ ਰਖੋ:-

ਪਹਿਲਾ ਗੋਲੀਆ ਦਾ ਪੈਕਟ ਆਪਣੇ ਮਾਹਮਾਰੀ ਆਉਣ ਦੇ ਪਹਿਲੇ ਦਿਨ ਤੋ ਸ਼ੁਰੂ ਕਰਨਾ ਹੈ .ਇਹ ਗੋਲੀ ਹਰ ਰੋਜ ਨਿਸਚਿਤ ਸਮੇ ਤੇ ਬਿਨਾਂ ਚਬਾਏ ਸਾਬਤੀ ਅੰਦਰ ਲੰਘਾਉਣੀ ਹੈ.

ਹਰ ਡਬੀ ਦੇ ਪਿਛੇ ਐਰੋ (ਡਰੈਕਸ਼ਨ) ਦਿਤੀ ਗਈ ਹੈ ਉਸ ਹਿਸਾਬ ਨਾਲ ਇਸਦੀ ਵਰਤੋ ਕਰਨੀ ਚਾਹੀਦੀ ਹੈ . ਇਸ ਨੂੰ ਅਸਾਨੀ ਨਾਲ ਯਾਦ ਰਖਣ ਵਾਸਤੇ ਹਰ ਇਕ ਗੋਲੀ ਤੇ ਹਫਤੇ ਦਾ ਦਿਨ ਅਤੇ ਮਹੀਨੇ ਦੀ ਤਾਰੀਖ ਦਸੀ ਹੈ .

ਜਦੋ ਪੈਕਟ ਖਤਮ ਹੋ ਜਾਦਾ ਹੈ ਤਾ ਸਤ (7) ਦਿਨਾਂ ਵਾਸਤੇ ਗੋਲੀ ਖਾਣਾ ਬੰਦ ਕਰ ਦਿਉ ਅਤੇ ਓਠਵੇ ਦਿਨ ਨਵਾ ਪੈਕਟ ਸ਼ੁਰੂ ਕਰੋ. ਜਿਸ ਦਿਨ ਤੁਸੀ ਨਵਾ ਪੈਕਟ ਸ਼ੁਰੂ ਕਰੋਗੇ ਇਹ ਉਹੋ ਦਿਨ ਹੀ ਹੋਵੇਗਾ ਜਿਸ ਦਿਨ ਤੁਸੀ ਪਹਿਲਾ ਪੈਕਟ ਖਾਣਾ ਸ਼ੁਰੂ ਕੀਤਾ ਸੀ.

ਗੋਲੀ ਖਾਣ ਦਾ ਸਮਾ ਔਰਤ ਆਪਣਾ-ਆਪ ਨਿਸਚਿਤ ਕਰ ਸਕਦੀ ਹੈ ਪਰ ਹਰ ਰੋਜ ਨਿਸਚਿਤ ਕੀਤੇ ਗਏ ਸਮੇ ਤੇ ਹੀ ਗੋਲੀ ਖਾਣੀ ਚਾਹੀਦੀ ਹੈ . ਬਹੁਤ ਸਾਰੀਆ ਔਰਤਾ ਸ਼ਾਮ ਦੇ ਸਮੇ ਹੀ ਗੋਲੀ ਖਾਦੀਆ ਹਨ ਜੇਕਰ ਇਸ ਤਰ੍ਹਾਂ ਹੈ ਤਾ ਤੁਸੀ ਸਵੇਰੇ ਉਠ ਕੇ ਦੇਖੋ ਕਿ ਤੁਸੀ ਗੋਲੀ ਖਾਦੀ ਕਿ ਨਹੀ, ਜੇਕਰ ਤੁਸੀ ਭੁਲ ਗਏ ਹੋ ਤਾ ਜਿਸ ਸਮੇ ਤੁਸੀ ਰੋਜ ਗੋਲੀ ਖਾਦੇ ਹੋ ਉਸ ਸਮੇ ਤੋ ਲੈ ਕੇ 12 ਘੰਟੇ ਦੇ ਅੰਦਰ- ਅੰਦਰ ਇਹ ਗੋਲੀ ਖਾ ਲਉ. ਜੇਕਰ ਤੁਸੀ ਇਸ ਸਮੇ ਦੇ ਵਿਚ ਵੀ ਗੋਲੀ ਖਾਣਾ ਭੁਲ ਗਏ ਹੋ ਤਾ ਉਸ ਗੋਲੀ ਨੂੰ ਛਡ ਕੇ ਅਗਲੇ ਦਿਨ ਵਾਲੀ ਗੋਲੀ ਖਾ ਲਉ ਪਰ ਦੋ ਹਫਤਿਆ ਲਈ ਤੁਹਾਨੂੰ ਕੋਨਡਮ ਵਰਤਣੇ ਪੈਣਗੇ ਜੇਕਰ ਤੁਸੀ ਗਰਭਵਤੀ ਨਹੀ ਹੋਣਾ ਚਾਹੁੰਦੇ, ਪਰ ਬਾਕੀ ਗੋਲੀਆ ਲਗਾਤਾਰ ਖਾਦੇ ਜਾਉ.

ਕੁਝ ਅਜਿਹੀਆ ਦਵਾਈਆ ਹਨ ਜੋ ਕਿ ਪੀਲੋਲਾ ਦਾ ਅਸਰ ਘਟਾਉਦੀਆ ਹਨ ਇਸ ਲਈ ਜੇਕਰ ਤੁਸੀ ਹੋਰ ਕੋਈ ਦਵਾਈ ਖਾਦੇ ਹੋ ਤਾ ਆਪਣੇ ਡਾਕਟਰ ਤੋ ਸਲਾਹ ਲੈ ਲਉ .

ਸਾਈਡਅਫੈਕਟ:-
ਜੇਕਰ ਪਹਿਲੀ ਵਾਰ ਤੁਸੀ ਗੋਲੀ ਖਾਣੀ ਸ਼ੁਰੂ ਕੀਤੀ ਹੈ ਤਾ ਹੋ ਸਕਦਾ ਹੈ ਕਿ ਤੁਹਾਨੂੰ ਕੁਝ ਦਰਦਾ ਹੋਣ, ਬਲੀਡਿੰਗ ਹੋਵੇ ਜਾ ਫਿਰ ਛਾਤੀ ਤੇ ਦਰਦ ਹੋਵੇ.
ਸਾਰੀਆ ਔਰਤਾ ਨੂੰ ਇਕੋ ਜਿਹੀਆ ਦਰਦਾ ਨਹੀ ਹੁੰਦੀਆ ਹਰ ਇਕ ਔਰਤ ਤੇ ਇਸਦਾ ਅਲਗ- ਅਲਗ ਪ੍ਰਭਾਵ ਪੈਦਾ ਹੈ. ਇਸਦਾ ਮਤਲਬ ਇਹ ਨਹੀ ਕਿ ਇਸ ਨੂੰ ਖਾਣਾ ਛਡ ਦਿਉ.
ਇਹ ਲਗਭਗ ਦੂਸਰੇ ਮਹੀਨੇ ਵਿਚ ਖਤਮ ਹੋ ਜਾਦੀਆ ਹਨ , ਪਰ ਕੁਝ ਕਾਰਨ ਹੋ ਸਕਦੇ ਹਨ ਕਿ ਤੁਹਾਨੂੰ ਪੀਲੋਲਾ ਛਡਣੀ ਪਵੇ ਜਿਵੇ ਕਿ:- ਭਾਰ ਦਾ ਵਧਣਾ, ਲਗਾਤਾਰ ਦਰਦ ਅਤੇ ਲਤਾ ਮੋਟੀਆ ਹੋਣੀਆ, ਸਿਰ ਦਰਦ ਅਤੇ ਡਿਪਰੈਸ਼ਨ. ਜੇਕਰ ਤੁਸੀ ਆਪਣਾ ਅਪ੍ਰੇਸ਼ਨ ਵਗੈਰਾ ਕਰਵਾਉਣਾ ਹੈ ਜਾਂ ਤੁਹਾਡੇ ਕਿਸੇ ਅੰਗ ਨੂੰ ਪਲਸਤਰ ਵਗੈਰਾ ਲਗਾਣਾ ਹੈ ਤਾ ਪੀਲੋਲਾ ਖਾਣਾ ਛਡ ਦਿਉ.
ਜੇਕਰ ਤੁਸੀ ਪੀਲੋਲਾ ਖਾਦੇ ਹੋ ਅਤੇ ਤੁਹਾਡਾ ਬਲੈਡਪ੍ਰੈਸ਼ਰ ਵਧਦਾ ਹੈ ਤਾ ਉਸਦਾ ਧਿਆਨ ਰਖੋ.

ਕਿਹੜੀਆ ਔਰਤਾ ਇਹ ਗੋਲੀਆ ਨਹੀ ਖਾ ਸਕਦੀਆ:-
- ਜਿਹੜੀਆ ਬਹੁਤ ਸਿਗਰਟਾਂ ਪੀਦੀਆ ਹਨ ( 15 ਸਿਗਰਟਾਂ ਤੋ ਜਿਆਦਾ)
- ਜਿੰਨਾਂ ਦੀ ਉਮਰ 35 ਸਾਲ ਤੋ ਵਧ ਹੈ ਜਿਹੜੀਆ ਜਿਆਦਾ ਸਿਗਰਟਾਂ ਪੀਦੀਆ ਹਨ ਅਤੇ ਮੋਟੀਆ ਹਨ.
- ਜਿੰਨਾਂ ਨੂੰ ਤਰੂੰਬੋਜੀ ਅਤੇ ਫਲੇਬੀਤੀ ਹੋ ਚੁਕਿਆ ਹੋਵੇ
- ਜਿੰਨਾਂ ਦੇ ਬਚੇਦਾਨੀ ਅਤੇ ਛਾਤੀ ਵਿਚ ਕੈਂਸਰ ਹੋਵੇ
- ਜਿਹੜੀ ਔਰਤ ਗਰਭਵਤੀ ਹੋਵੇ.